# ਡਾਇਰੈਕਟੋਰੇਟ ਸਥਾਨਕ ਸਰਕਾਰ ਪੰਜਾਬ ਚੰਡੀਗੜ੍ਹ

ਪੰਜਾਬ ਮਿਊਂਸਪਲ ਭਵਨ, ਸੈਕਟਰ-35/ ਏ, ਚੰਡੀਗੜ੍ਹ-160036

(ਅਮਲਾ ਸ਼ਾਖਾ)

ਫੈਕਸ ਨੰ : 0172-2651065

ਫੋਨ ਨੰ : 0172-2619122

ਈ ਮੇਲ: dlg.est555@gmail.com


ਨੰ: ਅਸ1-ਡਸਸ-ਖਰੜ-2019/...15508... ਮਿਤੀ ...25/03/19...

ਸੇਵਾ ਵਿਖੇ

ਕਾਰਜ ਸਾਧਕ ਅਫਸਰ,
ਨਗਰ ਕੌਂਸਲ ਖਰੜ।

ਵਿਸ਼ਾ : ਨਗਰ ਕੌਂਸਲ ਖਰੜ ਦੀ ਮੀਟਿੰਗ ਮਿਤੀ : 10-01-2019 ਦੀ ਕਾਰਵਾਈ ਦੇ ਮਤਾ ਨੰ: 76 ਤੋਂ 95 ਤੱਕ ਸਬੰਧੀ।

*****

ਉਪਰੋਕਤ ਵਿਸ਼ੇ ਦੇ ਆਪ ਦੇ ਪੱਤਰ ਨੰ: 238 ਮਿਤੀ : 26-02-2019 ਸਬੰਧੀ।

2. ਵਿਸ਼ੇ ਅਧੀਨ ਕੇਸ ਵਿੱਚ ਹਵਾਲੇ ਅਧੀਨ ਪੱਤਰ ਰਾਹੀਂ ਆਪ ਵੱਲੋਂ ਨਗਰ ਕੌਂਸਲ ਖਰੜ ਦੀ ਮੀਟਿੰਗ ਮਿਤੀ 10-01-2019 ਦੀ ਕਾਰਵਾਈ (ਮਤਾ ਨੰ: 76 ਤੋਂ 95) ਨੂੰ ਮਾਨਯੋਗ ਡਾਇਰੈਕਟਰ ਸਥਾਨਕ ਸਰਕਾਰ ਪੰਜਾਬ ਜੀ ਦੇ ਪੱਧਰ ਤੇ ਵਿਚਾਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ ਹਨ:-

| ਮਤਾ ਨੰਬਰ | ਫੈਸਲੇ |
|---|---|
| 76 | ਇਸ ਮਤੇ ਸਬੰਧੀ ਟਿੱਪਣੀ ਦੀ ਜਰੂਰਤ ਨਹੀਂ ਹੈ। |
| 77,85,91 | ਇਸ ਮਤੇ ਸਬੰਧੀ ਰੂਲਾਂ/ਹਦਾਇਤਾਂ ਅਨੁਸਾਰ ਹੀ ਕਾਰਵਾਈ ਕੀਤੀ ਜਾਵੇ। |
| 78 | ਮਤੇ ਦੀ ਕਾਪੀ ਏ.ਪੀ.ਡੀ. ਸੁਡਾ ਨੂੰ ਟਿੱਪਣੀ ਲਈ ਭੇਜੀ ਜਾ ਰਹੀ ਹੈ। |
| 79 | ਇਸ ਮਤੇ ਸਬੰਧੀ ਆਪ ਨੂੰ ਹਦਾਇਤਾਂ ਕੀਤੀ ਜਾਂਦੀ ਹੈ ਕਿ ਇਸ ਵਿਭਾਗ ਦੀ ਲੇਖਾ ਸਾਖਾ ਵੱਲੋਂ ਪੱਤਰ ਨੰਬਰ ਲੇਖਾ-6ਉਕਵਲ-ਡਸਸ-17/29935-950 ਮਿਤੀ 08.05.2017 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਮਿਤੀ 01.01.2011 ਤੋਂ ਬਾਅਦ ਡਿਊ ਬਣਦੇ ਏ.ਸੀ.ਪੀ. ਕੇਸਾਂ ਵਿੱਚ ਸਿਰਫ ਇਕ ਸਲਾਨਾ ਤਰੱਕੀ ਦੇਣ ਸਬੰਧੀ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। |
| 80,84,87, 94 | ਇਹਨ੍ਹਾਂ ਮਤਿਆਂ ਨੂੰ ਚੋਣ ਜਾਬਤਾ ਖਤਮ ਹੋਣ ਤੱਕ ਪੈਂਡਿੰਗ ਰੱਖਿਆ ਜਾਂਦਾ ਹੈ। |
| 81 | ਇਸ ਮਤੇ ਸਬੰਧੀ ਡਿਟੇਲਡ ਰਿਪੋਰਟ ਭੇਜਦੇ ਹੋਏ ਸਪਸ਼ਟ ਕੀਤਾ ਜਾਵੇ ਕਿ ਗਊਸ਼ਾਲਾ ਸਰਕਾਰੀ ਹੈ ਜਾਂ ਪ੍ਰਾਈਵੇਟ ਅਤੇ ਕਾਓ ਸੈਸ ਅਧੀਨ ਇੱਕਠੀ ਕੀਤੀ ਰਕਮ ਨੂੰ ਵਰਤਣ ਸਬੰਧੀ ਰੂਲਾਂ/ਹਦਾਇਤਾਂ ਦੀ ਕਾਪੀ ਭੇਜੀ ਜਾਵੇ। |
| 82 | ਇਸ ਮਤੇ ਵਿੱਚ ਜਿਕਰ ਮਾਨਯੋਗ ਕੋਰਟ ਦੇ ਹੁਕਮਾਂ ਦੀ ਕਾਪੀ ਇਸ ਦਫਤਰ ਨੂੰ ਭੇਜੀ ਜਾਵੇ। |
| 83 | ਇਸ ਮਤੇ ਸਬੰਧੀ ਸਰਕਾਰ ਵੱਲੋਂ ਜਾਰੀ ਹਦਾਇਤਾਂ ਮਿਤੀ 30.10.2015 ਅਤੇ ਸਮੇਂ ਸਮੇਂ ਤੇ ਜਾਰੀ ਰੂਲਾਂ/ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇ। |
| 86 | ਮਤੇ ਦੀ ਕਾਪੀ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਨੂੰ ਭੇਜਕੇ ਟਿੱਪਣੀ ਲਈ ਜਾ ਰਹੀ ਹੈ। |
| 88 | ਇਸ ਮਤੇ ਸਬੰਧੀ ਰੂਲਾਂ/ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇ ਅਤੇ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਅਣ-ਅਧਿਕਾਰਤ ਤੋਰ ਤੇ ਚੋਈ ਵਿੱਚ ਸੀਵਰੇਜ ਦਾ ਪਾਣੀ ਸੁੱਟਣ ਵਾਲੇ ਸਬੰਧਤਾਂ ਖਿਲਾਫ ਰੂਲਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇ। |

Scanned by CamScanner

| | |
|---|---|
| 89 | ਟਿੱਪਣੀ ਦੀ ਲੋੜ ਨਹੀਂ ਹੈ ਜੀ। |
| 90 | ਮਤੇ ਦੀ ਕਾਪੀ ਟਾਊਨ ਪਲੈਨਿੰਗ ਵਿੰਗ ਨੂੰ ਟਿੱਪਣੀ ਲਈ ਭੇਜੀ ਜਾ ਰਹੀ ਹੈ। |
| 92 | ਇਸ ਮਤੇ ਦੀ ਕਾਪੀ ਪੀ.ਐਮ.ਆਈ.ਡੀ.ਸੀ. ਨੂੰ ਭੇਜਕੇ ਟਿੱਪਣੀ ਮੰਗੀ ਜਾ ਰਹੀ ਹੈ। |
| 93 | ਇਸ ਮਤੇ ਸਬੰਧੀ ਆਪ ਨੂੰ ਹਦਾਇਤਾ ਕੀਤੀ ਜਾਂਦੀ ਹੈ ਕਿ ਨਗਰ ਕੌਂਸਲ, ਖਰੜ ਦੇ ਸਫਾਈ ਦੇ 5 ਜ਼ੋਨਾਂ, ਗਾਰਬੇਜ ਲਿਫਟਿੰਗ, ਨਾਲਿਆਂ ਦੀ ਸਫਾਈ ਠੇਕਾ ਤੇ ਤਿੰਨ ਮਹੀਨੇ ਜਾਂ ਜਦੋਂ ਤੱਕ ਨਵੇਂ ਟੈਂਡਰ ਅਲਾਟ ਨਹੀਂ ਹੋ ਜਾਂਦੇ ਦੋਨਾ ਵਿਚੋਂ ਜੋ ਵੀ ਸਮਾਂ ਪਹਿਲਾਂ ਹੋਵੇ ਤੱਦ ਤੱਕ ਲਈ ਵਾਧਾ ਕਰਨ ਸਬੰਧੀ ਪ੍ਰਵਾਨਗੀ ਦਿੰਦੇ ਹੋਏ ਹਦਾਇਤਾ ਕੀਤੀ ਜਾਂਦੀ ਹੈ ਕਿ ਸਫਾਈ ਦੇ ਕੰਮ ਦਾ ਠੇਕਾ ਦੇਣ ਸਬੰਧੀ ਰੂਲਾਂ/ਹਦਾਇਤਾਂ ਅਨੁਸਾਰ ਤੁਰੰਤ ਕਾਰਵਾਈ ਆਰੰਭ ਕੀਤੀ ਜਾਵੇ ਅਤੇ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਮਿੱਥ ਸਮੇਂ ਦੇ ਅੰਦਰ-ਅੰਦਰ ਨਿੱਜੀ ਉਪਰਾਲੇ ਕਰਕੇ ਬਣਦੀ ਕਾਰਵਾਈ ਮੁਕੰਮਲ ਕੀਤੀ ਜਾਵੇ ਜੇਕਰ ਨਿਰਧਾਰਤ ਸਮੇਂ ਵਿੱਚ ਸਫਾਈ ਦੇ ਕੰਮ ਦੇ ਠੇਕੇ ਦੀ ਕਾਰਵਾਈ ਮੁਕੰਮਲ ਨਹੀਂ ਕੀਤੀ ਜਾਂਦੀ ਤਾਂ ਠੇਕੇ ਵਿੱਚ ਕੋਈ ਵਾਧਾ ਨਹੀਂ ਕੀਤਾ ਜਾਵੇਗਾ। |
| 95(A) ਅਤੇ (B) | ਟਿੱਪਣੀ ਦੀ ਲੋੜ ਨਹੀਂ ਹੈ। |

ਨੋਟ:- ਉਕਤ ਤੋਂ ਇਲਾਵਾ ਆਪ ਨੂੰ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਮਤਿਆਂ ਸਬੰਧੀ ਅਗਲੇਰੀ ਕਾਰਵਾਈ ਕਰਨ ਤੋਂ ਪਹਿਲਾਂ ਇਹ ਯਕੀਨੀ ਬਣਾਇਆ ਜਾਵੇ ਕਿ ਚੋਣ ਜ਼ਾਬਤੇ ਦੀ ਉਲੰਘਣਾ ਨਾ ਹੋਵੇ।

ਸੁਸ਼ਮਾ ਰਾਣੀ
ਸ/ਸ ਸੁਪਰਡੰਟ (ਅਮਲਾ)

ਪਿੱਠ ਅੰਕਣ ਨੰ: ਅਸ1-ਡਸਸ-ਖਰੜ-2019/15409 ਮਿਤੀ 25/03/19

ਮਾਨਯੋਗ ਡਾਇਰੈਕਟਰ, ਸਥਾਨਕ ਸਰਕਾਰ ਜੀ ਦੇ ਆਦੇਸ਼ਾ ਅਨੁਸਾਰ ਨਗਰ ਕੌਂਸਲ ਖਰੜ ਦੇ ਮਤਾ ਨੰਬਰ : 78 ਮਿਤੀ 10-01-2019 ਦੀ ਕਾਪੀ ਏ.ਪੀ.ਡੀ. ਰੂੜਾ ਨੂੰ ਟਿੱਪਣੀ ਲਈ ਭੇਜੀ ਜਾਂਦੀ ਹੈ।

28/3/19

ਸੁਸ਼ਮਾ ਰਾਣੀ
ਸ/ਸ ਸੁਪਰਡੰਟ (ਅਮਲਾ)

ਪਿੱਠ ਅੰਕਣ ਨੰ: ਅਸ1-ਡਸਸ-ਖਰੜ-2019/15410 ਮਿਤੀ 25/03/19

ਮਾਨਯੋਗ ਡਾਇਰੈਕਟਰ, ਸਥਾਨਕ ਸਰਕਾਰ ਜੀ ਦੇ ਆਦੇਸ਼ਾ ਅਨੁਸਾਰ ਨਗਰ ਕੌਂਸਲ ਖਰੜ ਦੇ ਮਤਾ ਨੰਬਰ : 86 ਮਿਤੀ 10-01-2019 ਦੀ ਕਾਪੀ ਮੁੱਖ ਕਾਰਜਕਾਰੀ ਇੰਜੀਨੀਅਰ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਸ ਮਤੇ ਸਬੰਧੀ ਆਪਣੀ ਟਿੱਪਣੀ ਇਸ ਸਾਖਾ ਨੂੰ ਭੇਜਣ ਦੀ ਖੇਚਲ ਕੀਤੀ ਜਾਵੇ।

ਸੁਸ਼ਮਾ ਰਾਣੀ
ਸ/ਸ ਸੁਪਰਡੰਟ ਅਮਲਾ)

ਪਿੱਠ ਅੰਕਣ ਨੰ: ਅਸ1-ਡਸਸ-ਖਰੜ-2019/15411 ਮਿਤੀ 25/03/19

ਮਾਨਯੋਗ ਡਾਇਰੈਕਟਰ, ਸਥਾਨਕ ਸਰਕਾਰ ਜੀ ਦੇ ਆਦੇਸ਼ਾ ਅਨੁਸਾਰ ਨਗਰ ਕੌਂਸਲ ਖਰੜ ਦੇ ਮਤਾ ਨੰਬਰ : 90 ਮਿਤੀ 10-01-2019 ਦੀ ਕਾਪੀ ਟਾਊਨ ਪਲੈਨਿੰਗ ਵਿੰਗ ਨੂੰ ਟਿੱਪਣੀ ਲਈ ਭੇਜੀ ਜਾਂਦੀ ਹੈ।

ਸੁਸ਼ਮਾ ਰਾਣੀ
ਸ/ਸ ਸੁਪਰਡੰਟ (ਅਮਲਾ)

ਪਿੱਠ ਅੰਕਣ ਨੰ: ਅਸ1-ਡਸਸ-ਖਰੜ-2019/15412 ਮਿਤੀ 25/03/19

ਮਾਨਯੋਗ ਡਾਇਰੈਕਟਰ, ਸਥਾਨਕ ਸਰਕਾਰ ਜੀ ਦੇ ਆਦੇਸ਼ਾ ਅਨੁਸਾਰ ਨਗਰ ਕੌਂਸਲ ਖਰੜ ਦੇ ਮਤਾ ਨੰਬਰ : 92 ਮਿਤੀ 10-01-2019 ਦੀ ਕਾਪੀ ਪੀ.ਐਮ.ਆਈ.ਡੀ.ਸੀ. ਨੂੰ ਟਿੱਪਣੀ ਲਈ ਭੇਜੀ ਜਾਂਦੀ ਹੈ।

ਸੁਸ਼ਮਾ ਰਾਣੀ
ਸੁਪਰਡੰਟ (ਅਮਲਾ)

**ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ਼ ਬੋਰਡ**
**ਪਲਾਟ ਨੰ: 1-ਬੀ, ਸੈਕਟਰ 27-ਏ, ਚੰਡੀਗੜ੍ਹ।**

ਪਿੱਠ ਅੰਕਣ ਨੰ: ਪਵਸਸਬ-2019/ਵ-37 7370 ਮਿਤੀ: 8/4/19

ਉਪਰੋਕਤ ਦੀ ਨਕਲ ਸਮੇਤ ਸਹਿਲਗ ਮੁੱਖ ਇੰਜੀਨੀਅਰ(ਪੂਰਵ), ਪੰਜਾਬ ਵ/ਸ ਅਤੇ ਸੀਵਰੇਜ ਬੋਰਡ, ਪਟਿਆਲਾ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਮਤੇ ਤੇ ਲੋੜੀਦੀ ਕਾਰਵਾਈ ਕਰਦੇ ਹੋਏ ਆਪਣੀ ਟਿੱਪਣੀ ਸਮੇਤ ਇਸ ਦਫਤਰ ਨੂੰ ਭੇਜਿਆ ਜਾਵੇ ਤਾਂ ਜੋ ਉਸੇ ਅਨੁਸਾਰ ਸਰਕਾਰ ਨੂੰ ਜਵਾਬ ਭੇਜਿਆ ਜਾ ਸਕੇ।

ਨੱਥੀ/ਉਕਤ ਅਨੁਸਾਰ

ਕਾਰਜਕਾਰੀ ਇੰਜੀਨੀਅਰ (ਵ)

Scanned by CamScanner